# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :03-05-2026**

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿਚ ਅੱਜ ਇਕ ਵਫ਼ਦ ਨੇ ਸੂਬੇ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇੱਕ ਮੰਗ-ਪੱਤਰ ਸੌਂਪਿਆ। ਮੰਗ-ਪੱਤਰ ਵਿੱਚ ਪੰਜਾਬ ਵਿੱਚ ਸੰਵਿਧਾਨਕ ਬੇਤਰਤੀਬੀ, ਸ਼ਾਸਨ ਪ੍ਰਣਾਲੀ ਵਿੱਚ ਗਿਰਾਵਟ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਬਾਰੇ ਗੰਭੀਰ ਦੋਸ਼ ਲਾਏ ਗਏ ਨੇ। ਵਫ਼ਦ ਨੇ ਇਸ ਮੰਗ-ਪੱਤਰ ਰਾਹੀਂ ਦੱਸਿਆ ਕਿ ਜਿਵੇਂ ਕਿ ਮੀਡੀਆ ਦੇ ਕੁਝ ਹਿੱਸਿਆਂ ਵਿੱਚ ਰਿਪੋਰਟਾਂ ਆ ਰਹੀਆਂ ਨੇ ਕਿ ਮੁੱਖ ਮੰਤਰੀ ਹੁਣੇ ਜਿਹੇ ਸੰਪੰਨ ਹੋਏ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਨਸ਼ੇ ਦੀ ਹਾਲਤ ਵਿੱਚ ਸ਼ਾਮਲ ਹੋਏ ਸਨ, ਜੋ ਚਿੰਤਾ ਦਾ ਕਾਰਨ ਏ। ਹਾਲਾਂਕਿ ਆਮ ਆਦਮੀ ਪਾਰਟੀ ਇਹ ਇਲਜਾਮ ਸਪਸ਼ਟ ਤੌਰ ‘ਤੇ ਰੱਦ ਕਰ ਚੁੱਕੀ ਏ।

ਵਫ਼ਦ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸੁਰੱਖਿਆ ਦੇਣ ਸਬੰਧੀ ਫੈਸਲੇ ਪਾਰਦਰਸ਼ੀ ਢੰਗ ਨਾਲ ਕੀਤੇ

ਜਾਣ ਅਤੇ ਪੰਜਾਬ ਦੇ ਪੁਲਿਸ ਮੁਖੀ ਤੇ ਮੁੱਖ ਸਕੱਤਰ ਨੂੰ ਦੱਸਿਆ ਜਾਵੇ ਕਿ ਕਿਸੇ ਭ੍ਰਿਸ਼ਟ ਵਿਅਕਤੀ ਨੂੰ ਸੁਰੱਖਿਆ ਮੁਹੱਈਆ ਨਾ ਕਰਵਾਈ ਜਾਵੇ।

ਵਫਦ ਵਿਚ ਜਾਖੜ ਦੇ ਨਾਲ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ, ਸਾਬਕਾ ਸੰਸਦ ਮੈਂਬਰ ਸ਼ਵੇਤ ਮਲਿਕ ਤੇ ਹੋਰ ਆਗੂ ਮੌਜੂਦ ਸਨ।

--RB Sir

----------

C.M. Maan

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਏ ਕਿ ਵਿਰੋਧੀ ਪਾਰਟੀਆਂ ਉਨ੍ਹਾਂ ਦੀ ਬਦਨਾਮੀ ਲਈ ਸਾਜ਼ਿਸ਼ਾਂ ਰਚ ਰਹੀਆਂ ਨੇ, ਕਿਉਂਕਿ ਉਹ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਨਾਲ ਈਰਖਾ ਕਰ ਰਹੀਆਂ ਨੇ। ਕੱਲ੍ਹ ਮੋਹਾਲੀ ਦੇ ਇੱਕ ਪਿੰਡ ਵਿੱਚ ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਕੋਈ

ਮਸਲਾ ਨਾ ਹੋਣ ਕਰ ਕੇ ਵਿਰੋਧੀ ਪਾਰਟੀਆਂ ਉਨ੍ਹਾਂ ਉੱਤੇ ਝੂਠੇ ਤੇ ਬੇਬੁਨਿਆਦ ਦੋਸ਼ ਲਗਾ ਰਹੀਆਂ ਨੇ। ਸ਼੍ਰੀ ਮਾਨ ਨੇ ਕਿਹਾ ਕਿ ਉਹ 5 ਮਈ

ਨੂੰ ਦੇਸ਼ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ ਅਤੇ ਸਿਆਸਤਦਾਨਾਂ ਦੀ ਦਲ-ਬਦਲੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਨਗੇ ਕਿਉਂਕਿ ਇਹ ਲੋਕਾਂ ਦੇ ਫੈਸਲੇ ਦਾ ਅਪਮਾਨ ਏ। ਜ਼ਿਕਰਯੋਗ ਏ ਕਿ ਆਮ ਆਦਮੀ ਪਾਰਟੀ ਦੇ 6 ਰਾਜ ਸਭਾ ਮੈਂਬਰ, ਹਾਲ ਹੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਲੋਕ ਮਿਲਣੀ ਦੌਰਾਨ, ਮੁੱਖ ਮੰਤਰੀ ਮਾਨ ਨੇ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨੌਕਰੀ ਲੱਭਣ ਦੀ ਬਜਾਏ, ਨੌਕਰੀ ਦੇਣ ਵਾਲੇ ਬਣਨ ਵੱਲ ਕਦਮ ਵਧਾਉਣ, ਕਿਉਂਕਿ ਉਨ੍ਹਾਂ ਦੀ ਸਰਕਾਰ ਅਜਿਹਾ ਮਾਹੌਲ ਤਿਆਰ ਕਰ ਰਹੀ ਏ, ਜਿੱਥੇ ਨੌਜਵਾਨ ਸਰਕਾਰ ਦੇ ਸਹਿਯੋਗ ਨਾਲ ਆਪਣੇ ਕਾਰੋਬਾਰ ਸ਼ੁਰੂ ਕਰ ਸਕਣ।

--------------------------------------------------------------------------------

ਅੱਜ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਏ। ਇਹ ਪ੍ਰੈੱਸ ਦੀ ਆਜ਼ਾਦੀ ਲਈ ਕੀਤੀਆਂ ਜਾ ਰਹੀਆਂ ਪਹਿਲਾਂ ਨੂੰ ਉਤਸ਼ਾਹਿਤ ਕਰਨ, ਵਿਕਸਤ ਕਰਨ ਅਤੇ ਸੰਸਾਰ ਪੱਧਰ ‘ਤੇ ਪ੍ਰੈੱਸ ਦੀ ਆਜ਼ਾਦੀ ਦੀ ਸਥਿਤੀ ਦਾ ਮੁਲਾਂਕਣ ਕਰਨ ਦਾ ਮੌਕਾ ਏ। ਇਸ ਸਾਲ ਦਾ ਵਿਸ਼ਾ - ਸ਼ਾਂਤਮਈ ਭਵਿੱਖ ਦਾ ਨਿਰਮਾਣ ਏ। ਇਸ ਸਾਲ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ, ਪ੍ਰਗਟਾਵੇ ਦੀ ਆਜ਼ਾਦੀ ਦੀ ਪੁਸ਼ਟੀ ਕਰਨ ਅਤੇ ਪੱਤਰਕਾਰੀ, ਮਸ਼ੀਨੀ ਬੁੱਧੀਮਾਨੀ

ਸਮੇਤ ਤਕਨੀਕਾਂ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਜਾਣਕਾਰੀ ਦੇਣ ਲਈ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਦਾ ਅਹਿਮ ਮੌਕਾ ਏ।

ਆਲਮੀ ਪ੍ਰੈੱਸ ਆਜ਼ਾਦੀ ਦਿਵਸ ਦਾ ਐਲਾਨ, ਸੰਯੁਕਤ ਰਾਸ਼ਟਰ ਮਹਾਸਭਾ ਨੇ 1993 ਵਿੱਚ ਯੂਨੈਸਕੋ ਵੱਲੋਂ 1991 ਵਿੱਚ 26ਵੀਂ ਮਹਾਸਭਾ ਕਾਨਫਰੰਸ ਵਿੱਚ ਅਪਣਾਈ ਗਈ ਸਿਫ਼ਾਰਸ਼ ਤੋਂ ਬਾਅਦ ਕੀਤਾ ਸੀ। ਇਹ ਦਿਨ ਪ੍ਰੈੱਸ ਦੀ ਆਜ਼ਾਦੀ ਦੇ ਬੁਨਿਆਦੀ ਸਿਧਾਂਤਾਂ ਨੂੰ ਮਾਨਤਾ ਦੇਣ, ਮੀਡੀਆ ਪੇਸ਼ੇਵਰਾਂ ਲਈ ਪ੍ਰੈੱਸ ਦੀ ਆਜ਼ਾਦੀ ਤੇ ਪੇਸ਼ੇਵਰ ਨੈਤਿਕਤਾ ਦੇ ਮੁੱਦਿਆਂ ‘ਤੇ ਚਿੰਤਨ ਕਰਨ ਦਾ ਵੀ ਮੌਕਾ ਏ।

----------------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਹਲਕਾ ਕੋਟਕਪੂਰਾ ਦੀਆਂ ਅਨਾਜ ਮੰਡੀਆਂ ਵਿੱਚ ਪ੍ਰਬੰਧਾਂ ਸਬੰਧੀ ਮੰਡੀ ਬੋਰਡ ਦੇ ਅਧਿਕਾਰੀਆਂ, ਆੜ੍ਹਤੀਆਂ ਤੇ ਮਾਰਕੀਟ ਕਮੇਟੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਸਪੀਕਰ ਸੰਧਵਾਂ ਨੇ ਕਿਹਾ ਕਿ ਕਣਕ ਦੀ ਖ਼ਰੀਦ ਅਤੇ ਭੁਗਤਾਨ ਪ੍ਰਕਿਰਿਆ ਵਿੱਚ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਸਫਾਈ, ਪੀਣ ਵਾਲੇ ਪਾਣੀ, ਬਿਜਲੀ, ਛਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਮੀਟਿੰਗ ਵਿੱਚ ਮਾਰਕੀਟ ਕਮੇਟੀ, ਖਰੀਦ

ਏਜੰਸੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮੰਡੀਆਂ ਦੇ ਪ੍ਰਬੰਧਾਂ ਬਾਰੇ ਸਪੀਕਰ ਸੰਧਵਾਂ ਨੂੰ ਜਾਣਕਾਰੀ ਦਿੱਤੀ।

--------------------------------------------------

ਪੰਜਾਬ ਪੁਲਿਸ ਨੂੰ ਹੁਣ ਪੰਜਾਬ ਆਰਟੀਫੀਸ਼ੀਅਲ ਇੰਟੈਲੀਜੈਂਸ ਸਿਸਟਮ ਅਧੀਨ ਆਧੁਨਿਕ ਵਾਇਸ ਰੈਕਗਨਿਸ਼ਨ ਸਿਸਟਮ ਨਾਲ ਲੈਸ ਕੀਤਾ ਗਿਆ ਏ। ਏ.ਆਈ. ਸਿਸਟਮ ਹੇਠ ਏ.ਆਈ. ਅਧਾਰਤ ਵਾਇਸ ਰੈਕਗਨਿਸ਼ਨ ਸਿਸਟਮ ਵਿਚ 84 ਹਜਾਰ ਤੋਂ ਵੱਧ ਅਪਰਾਧੀਆਂ ਤੇ ਸ਼ੱਕੀਆਂ ਦੇ ਆਵਾਜ਼ ਦੇ ਨਮੂਨਿਆਂ ਦਾ ਵਾਇਸ ਬੈਂਕ ਮੌਜੂਦ ਏ। ਇਸ ਏ.ਆਈ. ਸਿਸਟਮ ਵਿਚ 3 ਲੱਖ 90 ਹਜਾਰ ਤੋਂ ਵੱਧ ਅਪਰਾਧੀਆਂ ਦਾ ਮਜ਼ਬੂਤ ਡਾਟਾਬੇਸ ਏਕੀਕ੍ਰਿਤ ਏ, ਜਿਸ ਵਿਚ ਉਨ੍ਹਾਂ ਦੇ ਗਿਰੋਹਾਂ ਸਬੰਧੀ ਜਾਣਕਾਰੀਆਂ ਤੇ ਫੋਨੋਟਿਕ ਸਰਚ ਵਰਗੀਆਂ ਖੂਬੀਆਂ ਸ਼ਾਮਲ ਨੇ। ਇਸ ਦਾ ਉੱਨਤ ਗੈਂਗ ਟ੍ਰੀ ਸਰਚ ਟੂਲ ਸੰਗਠਤ ਅਪਰਾਧੀ ਨੈੱਟਵਰਕ ਦੀ ਪੂਰੀ ਬਣਤਰ ਨੂੰ ਵਿਜ਼ੂਅਲ ਰੂਪ ਵਿਚ ਦਰਸਾਉਂਦਾ ਏ, ਜਿਸ ਨਾਲ ਅਪਰਾਧਾਂ ਰਾਹੀਂ ਉਨ੍ਹਾਂ ਦੇ ਅੰਤਰਰਾਸ਼ਟਰੀ ਸਾਜਿਸ਼ਕਰਤਾ ਦਾ ਪਤਾ ਲਾਇਆ ਜਾ ਸਕਦਾ ਏ। ਪੰਜਾਬ ਨਾਲ ਸਬੰਧਤ ਕਰੀਬ 60 ਖਤਰਨਾਕ ਗੈਂਗਸਟਰ ਕੈਨੇਡਾ, ਅਮਰੀਕਾ, ਇਟਲੀ ਸਮੇਤ ਹੋਰ ਦੇਸ਼ਾਂ ਤੋਂ ਸਰਗਰਮ ਨੇ।

--------------------------------------------------

ਅੱਜ ਸਵੇਰੇ ਪੰਜਾਬ ਅਤੇ ਚੰਡੀਗੜ੍ਹ ਸਮੇਤ ਬਿਜਲੀ ਕੜਕਣ ਦੇ ਨਾਲ-ਨਾਲ ਤੇਜ਼ ਹਵਾਵਾਂ ਚੱਲੀਆਂ ਤੇ ਤੇਜ਼ ਬਾਰਿਸ਼ ਪਈ। ਕੁਝ ਇਲਾਕਿਆਂ ਜਿਵੇਂ ਕਿ ਮੋਹਾਲੀ ਵਿਚ ਗੜੇ ਵੀ ਪਏ, ਇੱਥੇ ਤੇਜ਼ ਹਨੇਰੀ ਨੇ ਕਈ ਦਰੱਖਤਾਂ ਨੂੰ ਜੜ੍ਹਾਂ ਸਮੇਤ ਪੁੱਟ ਦਿੱਤਾ ਅਤੇ ਕਈ ਇਲਾਕਿਆਂ ਵਿੱਚ ਬਿਜਲੀ ਦੀ ਸਪਲਾਈ ਪ੍ਰਭਾਵਤ ਰਹੀ।